ਪਬਲਿਕ ਨੋਟਿਸ ਮਿਤੀ 07-05-2025

1.0 ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 28434 ਆਫ 2019 ਹਰਭਜਨ ਸਿੰਘ ਤੇ ਹੋਰ ਵਿੱਚ ਮਿਤੀ 15-02-2023 ਰਾਹੀਂ ਮਾਸਟਰ ਕਾਡਰ ਦੀ ਮਿਤੀ 19–06–19 ਰਾਹੀਂ ਜਾਰੀ ਕੀਤੀ ਸਾਂਝੀ ਸੀਨੀਆਰਤਾ ਸੂਚੀ ਰੱਦ ਕਰਦੇ ਹੋਏ ਨਵੀ ਸੀਨੀਆਰਤਾ ਸੂਚੀ ਬਣਾਉਣ ਦੇ ਹੁਕਮ ਕੀਤੇ ਗਏ ਸਨ, ਮਿਤੀ 29-05-2024/05-8-2024 ਰਾਹੀ ਮਾਸਟਰ ਕਾਡਰ ਦੀ ਪ੍ਰੋਵੀਜਨਲ ਨਵੀ ਤਿਆਰ ਕੀਤੀ ਸੀਨੀਆਰਤਾ ਸੂਚੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਗਈ ਸੀ।

2.0 ਉਕਤ ਦਰਸਾਈ ਸਥਿਤੀ ਦੇ ਸਨਮੁੱਖ ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਸਿ ਰਿ ਪ ਨੰ 412 ਆਫ 2016 ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਹੋਏ ਹੁਕਮਾ ਦੇ ਸਨਮੁੱਖ ਲੈਕਚਰਾਰ ਕਾਡਰ ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਜਾਣੀ ਹੈ, ਲੈਕਚਰਾਰ ਕਾਡਰ ਦੀ ਸੀਨੀਆਰਤਾ ਸੂਚੀ ਤਿਆਰ ਕਰਨ ਤੇ ਪਹਿਲਾ ਮਾਸਟਰ ਕਾਡਰ ਤੇ ਲੈਕਚਰਾਰ ਕਾਡਰ ਵਿੱਚ 2008 ਤੋ 2024 ਵਿੱਚ ਹੋਈਆ ਪੱਦਉਨਤੀਆਂ ਦਾ ਰਿਵਿਉ ਕੀਤਾ ਜਾਣਾ ਹੈ।

3.0 ਉਕਤ ਦਰਸਾਈ ਸਥਿਤੀ ਦੇ ਸਨਮੁੱਖ ਦੱਸਿਆ ਜਾਦਾ ਹੈ ਕਿ ਵਿਭਾਗ ਵੱਲੋਂ ਸਾਲ 2008 ਤੋ 2024 ਤੱਕ ਕੀਤੀਆਂ ਗਈਆਂ ਮਾਸਟਰ ਕਾਡਰ ਤੇ ਲੈਕਚਰਾਰ ਕਾਡਰ ਦੀਆਂ ਪੱਦਉਨਤੀਆਂ ਦਾ ਰਿਵਿਉ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਵਿਭਾਗ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਸਾਲ 2024 ਵਿੱਚ ਤਿਆਰ ਕੀਤੀ ਗਈ ਸੀਨੀਆਰਤਾ ਸੂਚੀ ਦੇ ਆਧਾਰ ਤੇ ਪੱਦਉਨਤੀਆਂ ਲਈ ਮਾਨਯੋਗ ਹਾਈ ਕੋਰਟ ਵਿਖੇ ਰੁਖ ਕੀਤਾ ਜਾ ਰਿਹਾ ਹੈ, ਜਿਸ ਕਾਰਨ ਰਿਵਿਉ ਕਰਨ ਵਿੱਚ ਬੇਲੋੜੀ ਦੇਰੀ ਦੀ ਸਥਿਤੀ ਪੈਦਾ ਹੋ ਰਹੀ ਹੈ।ਇਸ ਲਈ ਕਰਮਚਾਰੀਆਂ ਨੂੰ ਲਿਖਿਆ ਜਾਦਾ ਹੈ ਕਿ ਕਿਉ ਜੋ ਵਿਭਾਗ ਵੱਲੋਂ ਰਿਵਿਉ ਸਬੰਧੀ ਕੰਮ ਕਾਰਵਾਈ ਅਧੀਨ ਹੈ, ਇਸ ਲਈ ਭਵਿੱਖ ਵਿੱਚ ਕੋਈ ਵੀ ਕਰਮਚਾਰੀ ਮਾਨਯੋਗ ਕੋਰਟ ਜਾਣ ਤੋ ਪਹਿਲਾਂ ਆਪਣੀ ਪ੍ਰਤੀ ਬੇਨਤੀ/ਕੇਸ ਯੋਗ ਪ੍ਰਣਾਲੀ ਰਾਹੀ ਸਮੇਤ ਦਸਤਾਵੇਜ ਵਿਭਾਗ ਪਾਸ ਭੇਜਣੇ ਯਕੀਨੀ ਬਣਾਉਣਗੇ।

07/05/25

ਡਾਇਰੈਕਟਰ ਸਕੂਲ ਐਜੂਕੇਸ਼ਨ, (ਸੈਕੰਡਰੀ), ਪੰਜਾਬ